# ਮਾਪਿਆਂ ਦੀ ਭਾਈਵਾਲੀ



## ਓਨਟੇਰੀਓ ਦੇ ਸਕੂਲਾਂ ਲਈ ਮਾਪਿਆਂ ਦੀ ਸ਼ਮੂਲੀਅਤ ਲਈ ਨੀਤੀ

ਵਿੱਦਿਆ ਵਿੱਚ ਮਾਪੇ ਅਹਿਮ ਭਾਈਵਾਲ ਹੁੰਦੇ ਹਨ। ਉਹ ਸਿੱਖਿਆ ਪ੍ਰਤੀ ਬੱਚਿਆਂ ਦੇ ਵਤੀਰੇ ਨੂੰ ਪ੍ਰਭਾਵਿਤ ਕਰਦੇ ਹਨ, ਅਤੇ ਘਰ ਵਿਖੇ ਸਿਖਲਾਈ ਦਾ ਸਹਾਰਾ ਬਣਦੇ ਹਨ। ਘਰ ਅਤੇ ਸਕੂਲ ਦਰਮਿਆਨ ਉਹ ਇੱਕ ਜਾਨਦਾਰ ਕੜੀ ਬਣਦੇ ਹਨ। ਅਤੇ ਜਦੋਂ ਉਹ ਸਕੂਲ ਦੀ ਜ਼ਿੰਦਗੀ ਵਿੱਚ ਸ਼ਾਮਲ ਹੁੰਦੇ ਹਨ ਤਾਂ ਸਾਡੇ ਸਕੂਲਾਂ ਨੂੰ ਸਿੱਖਣ, ਵਧਣ-ਫੁੱਲਣ ਅਤੇ ਪ੍ਰਫੁੱਲਤ ਹੋਣ ਲਈ ਚੰਗੇਰੀਆਂ ਥਾਵਾਂ ਬਣਾ ਦਿੰਦੇ ਹਨ। ਮਾਪਿਆਂ ਦੀ ਸ਼ਮੂਲੀਅਤ ਹਾਸਲ ਕਰਨ ਸੰਬੰਧੀ ਓਨਟੇਰੀਓ ਦੀ ਨਵੀਂ ਨੀਤੀ ਇਸ ਗੱਲ ਨੂੰ ਮਾਨਤਾ ਦਿੰਦੀ ਹੈ ਕਿ ਜਦੋਂ ਮਾਪਿਆਂ ਨੂੰ ਭਾਈਵਾਲਾਂ ਦੇ ਤੌਰ 'ਤੇ ਖਿੜੇ ਮੱਥੇ ਮੰਨਿਆ ਅਤੇ ਸਤਿਕਾਰਿਆ ਜਾਂਦਾ ਹੈ, ਅਤੇ ਉਨ੍ਹਾਂ ਨੂੰ ਘਰ ਵਿਖੇ ਅਤੇ ਸਕੂਲ ਵਿਖੇ ਆਪਣਾ ਯੋਗਦਾਨ ਪਾਉਣ ਲਈ ਲੋੜੀਂਦਾ ਸਹਾਰਾ ਦਿੱਤਾ ਜਾਂਦਾ ਹੈ, ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਕਾਮਯਾਬੀ ਵਿੱਚ ਵਾਧਾ ਹੁੰਦਾ ਹੈ।

### ਮਾਪਿਆਂ ਦੀ ਸ਼ਮੂਲੀਅਤ ਨੂੰ ਇਹ ਨੀਤੀ ਕਿਵੇਂ ਬਿਆਨ ਕਰਦੀ ਹੈ?

ਮਾਪਿਆਂ ਦੀ ਸ਼ਮੂਲੀਅਤ ਹਾਸਲ ਕਰਨ ਸੰਬੰਧੀ ਓਨਟੇਰੀਓ ਦੀ ਨੀਤੀ ਅਲੱਗ-ਅਲੱਗ ਰੂਪਾਂ ਵਿੱਚ ਮਾਪਿਆਂ ਦੀ ਸ਼ਮੂਲੀਅਤ ਨੂੰ ਮਾਨਤਾ ਦਿੰਦੀ ਹੈ, ਅਤੇ ਇਹ ਮੰਨਦੀ ਹੈ ਕਿ ਹਰ ਰੂਪ ਵਿਦਿਆਰਥੀ ਅਤੇ ਸਕੂਲ ਦੀ ਕਾਮਯਾਬੀ ਵਿੱਚ ਇੱਕ ਅਹਿਮ ਕਾਰਕ ਹੁੰਦਾ ਹੈ। ਨੀਤੀ ਦੇ ਅੰਦਰ ਮਾਪਿਆਂ ਦੀ ਸ਼ਮੂਲੀਅਤ ਵਿੱਚ ਸ਼ਾਮਲ ਹੈ:

- ਘਰ ਵਿਖੇ ਸਿੱਖਿਆ ਦਾ ਉਸਾਰੂ ਮਾਹੌਲ ਉਸਾਰਨਾ, ਸਕੂਲ ਵਿਖੇ ਜੋ ਕੁੱਝ ਬੱਚੇ ਸਿੱਖ ਰਹੇ ਹਨ, ਉਸ ਵਿੱਚ ਉਨ੍ਹਾਂ ਨੂੰ ਸਹਾਰਾ ਦੇਣ ਲਈ ਸਰਗਰਮੀ ਨਾਲ ਬੱਚਿਆਂ ਦੀ ਹਿਮਾਇਤ ਕਰਨਾ, ਅਤੇ ਸਿੱਖਿਆ ਨੂੰ ਦਿਨ ਦਾ ਇੱਕ ਅਹਿਮ ਹਿੱਸਾ ਬਣਾ ਦੇਣਾ
- ਅਧਿਆਪਕਾਂ ਨਾਲ ਉਸਾਰੂ ਵਿਚਾਰ-ਵਟਾਂਦਰੇ ਕਰਨਾ ਤਾਂ ਜੋ ਸਕੂਲ ਅਤੇ ਘਰ ਦਰਮਿਆਨ ਸਪਸ਼ਟ ਸੰਚਾਰ ਹੋਵੇ
- ਸਕੂਲ ਦੀਆਂ ਸਰਗਰਮੀਆਂ ਵਿੱਚ ਸ਼ਰੀਕ ਹੋਣਾ ਅਤੇ ਸਕੂਲ ਦੇ ਸਮਾਗਮਾਂ, ਦੌਰਿਆਂ ਅਤੇ ਹੋਰ ਗਤੀਵਿਧੀਆਂ ਵਿੱਚ ਸਵੈ-ਸੇਵਾ ਕਰਨਾ
- ਸਕੂਲੀ ਪੱਧਰ 'ਤੇ ਸਕੂਲ ਕੌਂਸਲਾਂ ਵਿੱਚ, ਅਤੇ ਸਕੂਲ ਬੋਰਡ ਦੇ ਪੱਧਰ 'ਤੇ Parent Involvement Committees (ਮਾਪਿਆਂ ਦੀ ਸ਼ਿਰਕਤ ਵਾਲੀਆਂ ਕਮੇਟੀਆਂ) ਵਿੱਚ ਆਪਣਾ ਪੱਖ ਦੱਸਣ ਲਈ ਹਿੱਸਾ ਲੈਣਾ।

### ਲਕਸ਼

ਵਿਦਿਆਰਥੀ ਦੀ ਪ੍ਰਾਪਤੀ ਵਿੱਚ ਮਾਪੇ ਦੇ ਯੋਗਦਾਨ ਨੂੰ ਓਨਟੇਰੀਓ ਦੀ ਸਿੱਖਿਆ ਪ੍ਰਣਾਲੀ ਵਿੱਚ ਸਾਰੇ ਭਾਈਵਾਲ ਮਾਨਤਾ ਦਿੰਦੇ ਹਨ। ਵਿਦਿਆਰਥੀਆਂ ਨੂੰ ਉੱਚੀਆਂ ਉਮੀਦਾਂ-ਭਰੀ ਇੱਕ ਅਜਿਹੀ ਤਹਿਜ਼ੀਬ ਵਿੱਚ ਸਿੱਖਣ ਲਈ ਸਹਾਰਾ ਅਤੇ ਪ੍ਰੇਰਨਾ ਦਿੱਤੀ ਜਾਂਦੀ ਹੈ ਜਿਸ ਵਿੱਚ ਮਾਪਿਆਂ ਨੂੰ:

- ਸਕੂਲੀ ਭਾਈਚਾਰੇ ਵੱਲੋਂ ਖਿੜੇ ਮੱਥੇ ਕਬੂਲਿਆ ਅਤੇ ਸਤਿਕਾਰਿਆ ਜਾਂਦਾ ਹੈ ਅਤੇ ਬੱਚਿਆਂ ਦੀ ਸਿੱਖਿਆ ਅਤੇ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਕਾਰਣ ਉਨ੍ਹਾਂ ਦੀ ਕਦਰ ਪੈਂਦੀ ਹੈ;
- ਸ਼ਮੂਲੀਅਤ ਕਰਨ ਦੇ ਮੌਕੇ ਮੌਜੂਦ ਹੁੰਦੇ ਹਨ, ਅਤੇ ਇਸ ਬਾਰੇ ਵੀ ਵਿਕਲਪਾਂ ਦੀ ਇੱਕ ਪੂਰੀ ਜ਼ੱਦ ਉਨ੍ਹਾਂ ਲਈ ਪੇਸ਼ ਹੁੰਦੀ ਹੈ ਕਿ ਕਾਮਯਾਬੀ ਵਿੱਚ ਵਿਦਿਆਰਥੀ ਨੂੰ ਸਹਾਰਾ ਦੇਣ ਲਈ ਵਿੱਦਿਅਕ ਭਾਈਚਾਰੇ ਵਿੱਚ ਉਹ ਸ਼ਮੂਲੀਅਤ ਕਿਵੇਂ ਕਰਨ;
- ਘਰ ਅਤੇ ਸਕੂਲ ਵਿਖੇ ਸਿੱਖਿਆ ਦੇ ਇੱਕ ਉਸਾਰੂ ਮਾਹੌਲ ਦੀ ਹਿਮਾਇਤ ਕਰਨ ਲਈ ਹੋਰ ਵਿੱਦਿਅਕ ਭਾਈਵਾਲਾਂ ਨਾਲ ਮਿਲ ਕੇ ਨਿਰੰਤਰ ਸੰਚਾਰ ਅਤੇ ਗੱਲਬਾਤ ਰਾਹੀਂ ਸ਼ਮੂਲੀਅਤ ਕਰਦੇ ਹਨ;
- ਅਜਿਹੇ ਜਾਣਕਾਰੀ ਅਤੇ ਸਾਧਨਾਂ ਨਾਲ ਲੈਸ ਕੀਤਾ ਜਾਂਦਾ ਹੈ ਜਿਹੜੇ ਸਕੂਲੀ ਜ਼ਿੰਦਗੀ ਵਿੱਚ ਸ਼ਮੂਲੀਅਤ ਲਈ ਲਾਜ਼ਮੀ ਹੁੰਦੇ ਹਨ।

Punjabi

## ਇਹ ਨੀਤੀ ਮਾਪਿਆਂ ਦੀ ਸ਼ਮੂਲੀਅਤ ਦੀ ਹਿਮਾਇਤ ਅਤੇ ਇਸ ਵਿੱਚ ਵਾਧਾ ਕਿਵੇਂ ਕਰੇਗੀ?

ਮਾਪਿਆਂ ਦੀ ਸ਼ਮੂਲੀਅਤ ਦੀ ਨੀਤੀ ਭਾਈਵਾਲਾਂ ਦੇ ਤੌਰ 'ਤੇ ਮਾਪਿਆਂ ਦੀ ਹਿਮਾਇਤ ਕਰਨ ਲਈ ਤਿਆਰ ਕੀਤੀਆਂ ਗਈਆਂ ਕਮਾਯਾਬੀ ਦੀਆਂ ਚਾਰ ਮੁੱਖ ਨੀਤੀਆਂ ਦੀ ਸ਼ਨਾਖ਼ਤ ਕਰਦੀ ਹੈ ਤਾਂ ਜੋ ਉਨ੍ਹਾਂ ਕੋਲ ਵਿੱਦਿਅਕ ਭਾਈਵਾਲਾਂ ਨਾਲ ਰਲ਼ ਕੇ ਕਾਰਜ ਅੰਜਾਮ ਦੇਣ, ਅਤੇ ਓਨਟੇਰੀਓ ਦੇ ਵਿਦਿਆਰਥੀਆਂ ਅਤੇ ਵਿੱਦਿਅਕ ਪ੍ਰਣਾਲੀ ਦੀ ਕਾਮਯਾਬੀ ਵਿੱਚ ਪੂਰਾ ਯੋਗਦਾਨ ਪਾਉਣ ਦੇ ਮੌਕੇ, ਹੁਨਰ ਅਤੇ ਸਾਧਨ ਹੋਣ।

**ਨੀਤੀ 1:**
ਸਕੂਲ ਦਾ ਮਾਹੌਲ – ਇੱਕ ਅਜਿਹਾ ਉਸਾਰੂ, ਨਿੱਘਾ ਸਕੂਲੀ ਮਾਹੌਲ ਸਿਰਜਣਾ ਅਤੇ ਬਰਕਰਾਰ ਰੱਖਣਾ ਜਿਸ ਵਿੱਚ ਮਾਪਿਆਂ ਦੇ ਸਭ ਨਜ਼ਰੀਏ ਹੱਲਾਸ਼ੇਰੀ, ਕਦਰ ਅਤੇ ਸੁਣਵਾਈ ਪਾਉਣ

**ਨੀਤੀ 2:**
ਰੁਕਾਵਟਾਂ ਹਟਾਉਣਾ – ਮਾਪਿਆਂ ਦੀ ਸ਼ਮੂਲੀਅਤ ਦੇ ਰਾਹ ਵਿਚਲੀਆਂ ਅਜਿਹੀਆਂ ਰੁਕਾਵਟਾਂ ਦੀ ਸ਼ਨਾਖਤ ਕਰਨਾ ਅਤੇ ਉਨ੍ਹਾਂ ਨੂੰ ਦੂਰ ਕਰਨਾ ਜਿਨ੍ਹਾਂ ਕਾਰਣ ਕੁੱਝ ਮਾਪੇ ਆਪਣੇ ਬੱਚੇ ਦੀ ਸਿੱਖਿਆ ਵਿੱਚ ਪੂਰੀ ਤਰ੍ਹਾਂ ਸ਼ਿਰਕਤ ਨਾ ਕਰ ਸਕਣ, ਅਤੇ ਸਾਡੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਨਗਰਾਂ ਦੀ ਵਿਭਿੰਨਤਾ ਦੀ ਝਲਕ ਪੇਸ਼ ਕਰਨਾ।

**ਨੀਤੀ 3:**
ਮਾਪਿਆਂ ਲਈ ਹਿਮਾਇਤ – ਮਾਪਿਆਂ ਲਈ ਅਜਿਹੇ ਗਿਆਨ, ਹੁਨਰ ਅਤੇ ਸਾਧਨ ਪੇਸ਼ ਕਰਨੇ ਜਿਹੜੇ ਘਰ ਅਤੇ ਸਕੂਲ ਵਿਖੇ ਵਿਦਿਆਰਥੀਆਂ ਦੀ ਸਿੱਖਿਆ ਦੀ ਹਿਮਾਇਤ ਲਈ ਉਨ੍ਹਾਂ ਨੂੰ ਲੋੜੀਂਦੇ ਹਨ।

**ਨੀਤੀ 4:**
ਮਾਪਿਆਂ ਦੀ ਪੇਸ਼ਕਦਮੀ – ਸਥਾਨਕ ਕਾਰਜਸ਼ਾਲਾਵਾਂ, ਪੇਸ਼ਕਾਰੀਆਂ, ਸਾਧਨਾਂ ਅਤੇ ਵਸੀਲਿਆਂ ਵਰਗੀਆਂ ਸੰਚਾਰ ਅਤੇ ਪੇਸ਼ਕਦਮੀ ਦੀਆਂ ਨੀਤੀਆਂ ਨੂੰ ਪੜਚੋਲਣਾ ਅਤੇ ਇਨ੍ਹਾਂ ਦਾ ਵਿਸਥਾਰ ਕਰਨਾ; ਘਰ ਵਿਖੇ ਸਿੱਖਿਆ ਦੀ ਹਿਮਾਇਤ ਨਾਲ, ਅਤੇ ਸਕੂਲਾਂ ਵਿੱਚ ਮਾਪਿਆਂ ਦੀ ਸ਼ਮੂਲੀਅਤ ਨਾਲ ਸੰਬੰਧਤ ਜਾਣਕਾਰੀ ਅਤੇ ਨੀਤੀਆਂ ਸਾਂਝੀਆਂ ਕਰਨਾ।

## ਨੀਤੀ ਦੇ ਟੀਚੇ ਕਿਵੇਂ ਹਾਸਲ ਕੀਤੇ ਜਾਣਗੇ?

ਨੀਤੀ ਸੂਬਾਈ, ਖੇਤਰੀ ਅਤੇ ਸਥਾਨਕ ਪੱਧਰਾਂ 'ਤੇ ਸਿੱਖਿਆ ਮੰਤਰਾਲ (Ministry of Education), ਸਕੂਲਾਂ ਅਤੇ ਡਿਸਟ੍ਰਿਕਟ ਸਕੂਲ ਬੋਰਡਾਂ (District School Boards) ਵੱਲੋਂ ਚੁੱਕੇ ਜਾਣ ਵਾਲੇ ਖਾਸ ਕਦਮਾਂ ਦੀ ਸ਼ਨਾਖ਼ਤ ਕਰਦੀ ਹੈ।

## ਮਾਪਿਆਂ ਦੀ ਸ਼ਮੂਲੀਅਤ ਤੋਂ ਵਿਦਿਆਰਥੀਆਂ ਅਤੇ ਮਾਪੇ ਕਿਵੇਂ ਲਾਭ ਲੈਂਦੇ ਹਨ?

ਮਾਪਿਆਂ ਦੀ ਸ਼ਮੂਲੀਅਤ 'ਤੇ ਹੋਈ ਖੋਜ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਮਾਪਿਆਂ ਦੀ ਸ਼ਮੂਲੀਅਤ ਅਤੇ ਹੇਠ ਲਿਖੀਆਂ ਗੱਲਾਂ ਦਰਮਿਆਨ ਸਿੱਧਾ ਸੰਬੰਧ ਹੈ:

- ਸੁਧਰੀ ਹੋਈ ਅਕਾਦਮਿਕ ਪ੍ਰਾਪਤੀ
- ਸਕੂਲ ਸੰਬੰਧੀ ਵਧੇਰੇ ਉਸਾਰੂ ਰਵੱਈਏ
- ਹੋਮਵਰਕ ਵਿੱਚ ਵਧੇਰੇ ਕਾਮਯਾਬੀ
- ਹਾਈ ਸਕੂਲ ਪਾਸ ਕਰਨ ਦੀ ਵਧੇਰੇ ਦਰ
- ਸਕੂਲ ਵਿੱਚ ਵਧੇਰੇ ਇਕਸਾਰ ਹਾਜ਼ਰੀ
- ਵਤੀਰੇ ਨਾਲ ਸੰਬੰਧਤ ਘੱਟ ਸਮੱਸਿਆਵਾਂ
- ਸਕੂਲ ਵਿੱਚ ਅਤੇ ਬਾਅਦ ਦੀ ਜ਼ਿੰਦਗੀ ਵਿੱਚ ਵਿਦਿਆਰਥੀਆਂ ਦਾ ਵਧੇਰੇ ਉੱਜਲ ਭਵਿੱਖ।

## ਅਧਿਆਪਕ ਕਿਵੇਂ ਲਾਭ ਲੈਂਦੇ ਹਨ ?

ਜੋ ਅਧਿਆਪਕ ਮਾਪਿਆਂ ਨਾਲ ਚੰਗੇਰੀ ਭਾਈਵਾਲੀ ਰੱਖਦੇ ਹਨ, ਉਹਨਾਂ ਦੇ ਮਾਪਿਆਂ ਨਾਲ ਚੰਗੇਰੇ ਸੰਬੰਧ ਬਣਦੇ ਹਨ ਅਤੇ ਅਨੇਕਾਂ ਲਾਭ ਹਾਸਲ ਹੁੰਦੇ ਹਨ:

- ਮਾਪੇ ਵਧੇਰੇ ਹਿਮਾਇਤੀ ਬਣਦੇ ਹਨ ਕਿਉਂਕਿ ਉਨ੍ਹਾਂ ਨੂੰ ਸਮਝ ਹੁੰਦੀ ਹੈ ਕਿ ਕਲਾਸ ਵਿੱਚ ਕੀ ਚੱਲ ਰਿਹਾ ਹੈ
- ਮਾਪੇ ਇਹ ਗੱਲ ਯਕੀਨੀ ਬਣਾਉਂਦੇ ਹਨ ਕਿ ਹੋਮਵਰਕ ਅਤੇ ਸੌਂਪੇ ਗਏ ਹੋਰ ਕਾਰਜ ਮੁਕੰਮਲ ਕੀਤੇ ਜਾਣ
- ਬੱਚੇ ਦੀ ਕਾਮਯਾਬੀ ਸੰਬੰਧੀ ਜ਼ਿੰਮੇਵਾਰੀ ਵਿੱਚ ਮਾਪੇ ਆਪਣਾ ਫਰਜ਼ ਨਿਭਾਉਂਦੇ ਅਤੇ ਅਧਿਆਪਕ ਨਾਲ ਮਿਲ ਕੇ ਕਾਰਜ ਕਰਦੇ ਹਨ
- ਮਾਪਿਆਂ ਵਿੱਚ ਅਧਿਆਪਕਾਂ ਅਤੇ ਸਕੂਲ ਬਾਰੇ ਚੰਗਾ ਨਜ਼ਰੀਆ ਪੈਦਾ ਹੁੰਦਾ ਹੈ
- ਵਿਦਿਆਰਥੀ ਦੀ ਹਾਜ਼ਰੀ ਅਤੇ ਕਲਾਸ ਵਿਚਲਾ ਵਰਤਾਰਾ ਸੁਧਰਦਾ ਹੈ
- ਵਿਦਿਆਰਥੀ ਦੀ ਪ੍ਰਾਪਤੀ ਸੁਧਰਦੀ ਹੈ
- ਮਾਪਿਆਂ ਨਾਲ ਅਧਿਆਪਕਾਂ ਦੇ ਵਧੇਰੇ ਮਜ਼ਬੂਤ ਸੰਬੰਧ ਬਣਦੇ ਹਨ, ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਮਾਪੇ ਉਨ੍ਹਾਂ ਦੀ ਹਿਮਾਇਤ ਕਰਦੇ ਹਨ ਅਤੇ ਰੁਜ਼ਗਾਰ ਤੋਂ ਉਨ੍ਹਾਂ ਨੂੰ ਵਧੇਰੇ ਤਸੱਲੀ ਮਹਿਸੂਸ ਹੁੰਦੀ ਹੈ।

## ਸਕੂਲ ਕਿਵੇਂ ਲਾਭ ਲੈਂਦੇ ਹਨ ?

ਸਕੂਲ ਆਪਣੇ ਆਲੇ-ਦੁਆਲੇ ਦੀਆਂ ਕਮਿਉਨਿਟੀਆਂ ਨਾਲ ਨਾਲ ਜੁੜੇ ਹੁੰਦੇ ਹਨ। ਬੱਚਿਆਂ ਅਤੇ ਯੁਵਕਾਂ ਨੂੰ ਲੋੜੀਂਦੀਆਂ ਸਹੂਲਤਾਂ ਪੇਸ਼ ਕਰਨ, ਸਕੂਲ-ਭਾਈਚਾਰੇ ਦੇ ਨਵੀਨਕਾਰੀ ਪ੍ਰੋਗਰਾਮ ਉਸਾਰਨ, ਅਤੇ ਸਕੂਲੀ ਜ਼ਿੰਦਗੀ ਭਰਪੂਰ ਬਣਾਉਣ ਲਈ ਮਾਪੇ, ਨਗਰ ਨਿਵਾਸੀ ਅਤੇ ਸਕੂਲ ਰਲ਼ ਕੇ ਹਿਮਾਇਤ ਦਾ ਇਕ ਮਜ਼ਬੂਤ ਸਿਲਸਿਲਾ ਸਿਰਜ ਸਕਦੇ ਹਨ। ਨਤੀਜੇ ਵਜੋਂ:

- ਪਰਿਵਾਰ ਅਤੇ ਨਗਰ ਦੇ ਅਦਾਰੇ ਸਕੂਲ ਦੀ ਵਧੇਰੇ ਮੁਕੰਮਲ ਹਿਮਾਇਤ ਕਰਦੇ ਹਨ
- ਸਮੁੱਚੇ ਸਕੂਲ, ਅਤੇ ਵਿਦਿਆਰਥੀ ਦੀ ਪ੍ਰਾਪਤੀ ਅਕਸਰ ਸੁਧਰਦੀ ਹੈ
- ਸਕੂਲ ਕਮਿਊਨਿਟੀ ਦੇ ਕਾਰੋਬਾਰਾਂ, ਅਦਾਰਿਆਂ ਅਤੇ ਸਹੂਲਤਾਂ ਨਾਲ ਜੁੜਦੇ ਹਨ
- ਆਪਣੀਆਂ ਪ੍ਰਾਪਤੀ ਲਈ, ਅਤੇ ਨਗਰ ਦੇ ਵਡਮੁੱਲਾ ਫਰਜ਼ ਨਿਭਾਉਣ ਵਾਲੇ ਅਹਿਮ ਹਿੱਸੇ ਵਜੋਂ ਸਕੂਲਾਂ ਨੂੰ ਵਡੇਰੀ ਮਾਨਤਾ ਮਿਲਦੀ ਹੈ

## ਵਿੱਦਿਅਕ ਪ੍ਰਣਾਲੀ ਨੂੰ ਕਿਵੇਂ ਲਾਭ ਹੁੰਦਾ ਹੈ?

ਮਨਿਸਟਰੀ ਆਫ਼ ਐਜੂਕੇਸ਼ਨ (Ministry of Education), ਡਿਸਟ੍ਰਿਕਟ ਸਕੂਲ ਬੋਰਡ ਅਤੇ ਸਕੂਲਾਂ (District School Boards) ਨੂੰ ਨਾ ਸਿਰਫ਼ ਮਾਪਿਆਂ ਵੱਲੋਂ ਸਕੂਲ ਵਿੱਚ ਕਾਮਯਾਬੀ ਵਿੱਚ ਬੱਚਿਆਂ ਦੀ ਮਦਦ ਕਰਨ ਦਾ ਫਾਇਦਾ ਹੁੰਦਾ ਹੈ ਬਲਕਿ ਇਹ ਗੱਲ ਯਕੀਨੀ ਬਣਾਉਣ ਦਾ ਫਾਇਦਾ ਵੀ ਹੁੰਦਾ ਹੈ ਕਿ ਮਾਪਿਆਂ ਦੇ ਨਜ਼ਰੀਏ ਸੁਣੇ ਜਾਂਦੇ ਹਨ ਅਤੇ ਸੂਬਾਈ, ਖੇਤਰੀ ਅਤੇ ਸਥਾਨਕ ਪੱਧਰਾਂ ਉੱਤੇ ਨੀਤੀਆਂ ਘੜਨ ਵੇਲ਼ੇ ਉਨ੍ਹਾਂ 'ਤੇ ਗੌਰ ਵੀ ਕੀਤਾ ਜਾਂਦਾ ਹੈ।

## ਸਾਨੂੰ ਸਭ ਨੂੰ ਫਾਇਦਾ ਹੈ

ਰਲ਼ ਕੇ ਅਸੀਂ ਆਪਣੇ ਬੱਚਿਆਂ ਲਈ ਸੰਭਾਵਨਾਵਾਂ ਪੈਦਾ ਕਰ ਰਹੇ ਹਾਂ ਅਤੇ ਇਨ੍ਹਾਂ ਸੰਭਾਵਨਾਵਾਂ ਨੂੰ ਹਕੀਕਤ ਵਿੱਚ ਬਦਲ ਰਹੇ ਹਾਂ।

**ਵਧੇਰੇ ਜਾਣਕਾਰੀ ਲਈ ਵੈੱਬਸਾਈਟ ਵੇਖੋ: www.ontario.ca/EDUparents**

© Queen's Printer for Ontario, 2010 ISBN 978-1-4435-4757-4 (Print) 978-1-4435-4758-1 (PDF)